**International Journal of Research in Social Sciences**
Vol. 6 Issue 10, October 2016,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# ਪੰਜਾਬੀ ਵਾਰਤਕ ਅਤੇ ਵਾਰਤਕ ਕਾਰ

**ਹਰਪ੍ਰੀਤ ਕੌਰ**

**ਅਸਿਸਟੈਂਟ ਪ੍ਰੋਫੈਸਰ,**

**ਡੀ.ਏ.ਵੀ. ਕਾਲਜ, ਅਬੋਹਰ।**

ਪੰਜਾਬੀ ਵਾਰਤਕ ਦਾ ਨਿਕਾਸ ਜਨਮਸਾਖੀ ਪ੍ਰੰਪਰਾ ਨਾਲ ਹੋਇਆ ਜੋ ਕਿ 16ਵੀਂ ਸਦੀ ਦੀ ਉਪਜ ਮੰਨੀ ਜਾਂਦੀ ਹੈ। ਪੂਰਵ ਨਾਨਕ ਕਾਲ ਦੀਆਂ ਵੀ ਕੁਝ ਵਾਰਤਕ ਰਚਨਾਵਾਂ ਮੰਨੀਆਂ ਗਈਆਂ ਹਨ ਜਿਵੇਂ ਗੋਰਖ ਉਪਨਿਸ਼ਦ, ਪੱਧਤੀਨਾਂਮਾਂ ਅਤੇ ਏਕਾਦਸ਼ੀ ਮਹਾਤਮ ਆਦਿ। ਪ੍ਰੰਤੂ ਇਹਨਾਂ ਦੀ ਪ੍ਰਮਾਣਿਕਤਾ ਬਾਰੇ ਵਿਦਵਾਨ ਇਕ ਮੱਤ ਨਹੀਂ ਹਨ, ਇਸ ਲਈ ਪੰਜਾਬੀ ਵਾਰਤਕ ਦਾ ਆਰੰਭ ਲਿਖਤੀ ਰੂਪ ਵਿਚ ਜਨਮਸਾਖੀ ਤੋਂ ਹੀ ਮੰਨਿਆ ਜਾਂਦਾ ਹੈ।

ਵਾਰਤਕ ਵਿਚ ਕੁਝ ਸਰਵਵਿਆਪੀ ਤੱਤ ਹੁੰਦੇ ਹਨ ਜਿਵੇਂ ਤਰਕ, ਦਲੀਲ ਨਿਸ਼ਚਿਤ ਸੱਚ ਅਤੇ ਨਿਸ਼ਚਿਤ ਬਿਆਨ ਆਦਿ। ਵਾਰਤਕ ਉਪਜਦੀ ਹੀ ਉਦੋਂ ਹੈ ਜਦੋਂ ਵਿਚਾਰਾਂ ਨੂੰ ਸਪਸ਼ਟ, ਸੰਖੇਪ ਤੇ ਤਰਕ ਨਾਲ ਪੇਸ਼ ਕਰਨ ਦੀ ਜ਼ਰੂਰਤ ਹੋਵੇ। ਪੰਜਾਬੀ ਵਾਰਤਕ ਦੀ ਉਤਪਤੀ ਦਾ ਪ੍ਰਮੁੱਖ ਕਾਰਨ ਵੀ ਵਿਚਾਰਾਂ ਨੂੰ ਸਪਸ਼ਟ ਰੂਪ ਵਿਚ ਪੇਸ਼ ਕਰਨਾ ਹੈ। ਦੂਸਰੇ ਸਭਿਆਚਾਰਾਂ ਦੇ ਵਿਸ਼ਵਾਸ਼, ਅਕੀਂਦੇ ਜਿਵੇਂ ਕਰਮਕਾਂਡ, ਅਵਤਾਰਵਾਦ ਤੇ ਕਰਾਮਾਤਾਂ ਜਿਹੇ ਅੰਸ਼ਾਂ ਤੋਂ ਬਚਣ ਲਈ ਪੰਜਾਬੀ ਵਾਰਤਕ ਦੀ ਉਤਪਤੀ ਹੁੰਦੀ ਹੈ। ਆਰੰਭਿਕ ਵਾਰਤਕ ਜੋ ਜਨਮਸਾਖੀ ਦੇ ਰੂਪ ਵਿਚ ਸੀ ਉਸ ਵਿਚ ਸ਼ਰਧਾ, ਉਪਦੇਸ਼ ਤੇ ਵਿਆਖਿਆ ਵਰਗੇ ਤੱਤਾਂ ਦੀ ਪ੍ਰਧਾਨਤਾ ਸੀ।ਇਹ ਕਾਵਿਕ ਗੁਣਾਂ ਵਾਲੀ ਤੇ ਗਲਪ ਤੱਤਾਂ ਵਾਲੀ ਵਾਰਤਕ ਸੀ। ਪ੍ਰੋ: ਪਿਆਰਾ ਸਿੰਘ ਇਸ ਸਮੇਂ ਦੀ ਵਾਰਤਕ ਬਾਰੇ ਲਿਖਦੇ ਹਨ,

**"ਇਸ ਜਨਮਸਾਖੀ ਵਾਰਤਕ ਨੂੰ ਇਤਿਹਾਸਕਾਰ ਆਪਣੇ ਨਾਲ**

**ਸਾਹਿਤਕਾਰ ਆਪਣੇ ਨਾਲ ਅਤੇ ਧਰਮ ਅਧਿਐਨ ਵਾਲੇ**

**International Journal of Research in Social Sciences**
Vol. 6 Issue 10, October 2016,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

**ਆਪਣੇ ਨਾਲ ਜੋੜਨ ਦਾ ਉਪਰਾਲਾ ਕਰਦੇ ਹਨ ਪਰ ਇਹ ਜਨਮਸਾਖੀ ਨਾ ਤਾ ਕੇਵਲ ਧਾਰਮਿਕ ਰਚਨਾਵਾਂ ਹਨ, ਨਾ ਇਤਿਹਾਸ ਤੇ ਨਾਲ ਨਿਰੋਲ ਸਾਹਿਤ ਹਨ, ਸਗੋਂ ਇਹ ਤਾਂ ਆਪਣੇ ਸਮੇਂ ਦੀ ਸੁਚੱਜੀ ਵਿਕਸਤ ਸੋਚ ਦੀਆਂ ਪ੍ਰਤੀਨਿਧ ਰਚਨਾਵਾਂ ਹਨ।"1**

ਇਹਜਨਮਸਸਾਖੀ ਪਰੰਪਰਾ ਅਠਾਰਵੀਂ ਸਦੀ ਤਕ ਪੰਜਾਬੀ ਵਾਰਤਕ ਵਿਚ ਚਲਦੀ ਰਹੀ। ਇਸ ਸਮੇਂ ਹੋਰ ਵਾਰਤਕ ਰੂਪ ਜਿਵੇਂ ਟੀਕੇ, ਪਰਮਾਰਥ, ਗੋਸਟਾਂ, ਉਥਾਨਕਾ, ਪਰਚੀਆਂ ਵਚਨ, ਹੁਕਨਾਮੇ, ਰਹਿਤਨਾਮੇ ਤੇ ਅਨੁਵਾਦ ਰੂਪ ਹੋਂਦ ਵਿਚ ਆਏ। ਅਠਾਰਵੀਂ ਸਦੀ ਦੀਆਂ ਦੋ ਹੋਰ ਮਹੱਤਵਪੂਰਣ ਵਾਰਤਕ ਰਚਨਾਵਾਂ ਮੰਨੀਆਂ ਗਈਆਂ ਹਨ, ਗਿਆਨ ਰਤਨਾਵਲੀ ਤੇ ਭਗਤ ਰਤਨਾਵਲੀ, "ਗਿਆਨ ਰਤਨਾਵਲੀ" ਨੂੰ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵੀ ਕਿਹਾ ਜਾਂਦਾ ਹੈ।

ਉਨੀਂਵੀ ਸਦੀ ਦੀ ਪੰਜਾਬੀ ਵਾਰਤਕ ਨੂੰ ਦੋ ਹਿੱਸਿਆਂ ਵੀ ਵੰਡ ਕੇ ਵੇਖਿਆ ਜਾ ਸਕਦਾ ਹੈ। ਪਹਿਲੀ ਅੱਧੀ ਸਦੀ ਨੂੰ 'ਮਹਾਰਾਜਾ ਰਣਜੀਤ ਸਿੰਘ ਕਾਲ' ਤੇ ਸਦੀ ਦੇ ਦੂਸਰੇ ਹਿੱਸੇ ਨੂੰ ਪਰਿਵਰਤਨ ਕਾਲ ਕਿਹਾ ਜਾਂਦਾ ਹੈ ਪਹਿਲੀ ਸਦੀ ਸਮੇਂ ਜੰਗਾਂ-ਯੁੱਧਾਂ ਦੀ ਭਰਮਾਰ ਹੋਣ ਕਰਕੇ ਬਹੁਤੀਆਂ ਵਾਰਤਕ ਰਚਨਾਵਾਂ ਨਹੀਂ ਰਚੀਆਂ ਗਈਆਂ। ਪਰਿਵਰਤਨ ਕਾਲ ਮਹੱਤਵਪੂਰਨ ਸਮਾਂ ਰਿਹਾ ਹੈ।ਇਸ ਕਾਲ ਵਿਚ ਪੰਜਾਬੀ ਪੱਤਰਕਾਰੀ ਦਾ ਜਨਮ ਪ੍ਰੋ: ਗੁਰਮੁਖ ਸਿੰਘ ਦੇ ਅਖ਼ਬਾਰ **'ਗੁਰਮੁਖੀ ਅਖਬਾਰ'** ਨਾਲ ਹੁੰਦਾ ਹੈ।ਵਾਰਤਕ ਵਿਚ ਸਮਾਜ ਸੁਧਾਰਕ, ਇਤਿਹਾਸਕ ਵਿਸ਼ੇ ਸ਼ਾਮਲ

ਹੋਏ। ਪੰਡਿਤ ਤਾਰਾ ਸਿੰਘ ਨਰੋਤਮ ਨੇ **'ਗੁਰੂ ਗ੍ਰੰਥ ਕੋਸ਼'** ਰਚਿਆ। ਗਿਆਨੀ ਗਿਆਨ ਸਿੰਘ ਨੇ ਧਾਰਮਿਕ ਇਤਿਹਾਸਕ **'ਤਵਾਰੀਖ ਗੁਰੂ ਖਾਲਸਾ'** ਲਿਖੀ। ਡਾ: ਚਰਨ ਸਿੰਘ ਨੇ ਧਾਰਮਿਕ **'ਬਾਣੀ ਬਿਉਰਾ'** ਲਿਖੀ। ਬਿਹਾਰੀ ਲਾਲ ਪੁਰੀ ਤੇ ਬਿਸ਼ਨਦਾਸ ਪੁਰੀ ਨੇ 1922 ਵਿਚ ਪਹਿਲਾ ਪੰਜਾਬੀ ਕੋਸ਼ **'ਪੰਜਾਬੀ ਸ਼ਬਦ ਭੰਡਾਰਾ'** ਦੇ ਨਾਂ ਹੇਠ ਤਿਆਰ ਕੀਤਾ।ਸ਼ਬਦ ਕੋਸ਼, ਵਿਆਕਰਣ ਅਖਾਣ ਕੋਸ਼ ਤੇ ਮੁਹਾਵਰਾ ਕੋਸ਼ ਤਿਆਰ ਕੀਤੇ।ਇਹਨਾਂ ਸਾਰੀਆਂ ਤਬਦੀਲੀਆਂ ਵਿਚ ਈਸਾਈ ਮਿਸ਼ਨਰੀਆਂ ਦੀ ਵਿਸ਼ੇਸ਼ ਭੂਮਿਕਾ ਰਹੀ। ਇਸ ਸਮੇਂ ਦੀ ਵਾਰਤਕ ਬਾਰੇ ਡਾ: ਗੁਰਚਰਨ ਸਿੰਘ ਅਰਸ਼ੀ ਲਿਖਦੇ ਹਨ,

> **'ਇਸ ਸਮੇਂ ਉਪਜੀ ਵਾਰਤਕ ਵਸਤੂ, ਦ੍ਰਿਸ਼ਟੀ, ਭਾਸ਼ਾ ਤੇ ਸ਼ੈਲੀ ਦੇ ਸਾਰੇ ਪੱਖਾਂ ਤੋਂ ਆਧੁਨਿਕ ਤੇ ਮੱਧ-ਕਾਲੀਨ ਵਾਰਤਕ ਵਿਚ ਇਕ ਪੁਲ ਦਾ ਕੰਮ ਕਰਦੀ ਹੈ।ਇਹ ਯੁੱਗ ਵਾਸਤਵ ਵਿਚ ਹੈ ਹੀ ਜੀਵਨ ਦੀਆਂ ਕੀਮਤਾਂ ਸਾਹਿਤਕ ਮੁੱਲਾਂ ਦੀ ਪਰਿਵਰਤਨ ਅਥਵਾ ਸੰਕ੍ਰਾਂਤੀ ਦਾ ਯੁੱਗ ਸੀ।"2**

ਇਸ ਮਿਸ਼ਨ ਨੇ ਪਹਿਲੀ ਵਾਰ ਲੁਧਿਆਣਾ ਵਿਚ 1845 ਵਿਚ ਗੁਰਮੁਖੀ ਦੇ ਅੱਖਰਾਂ ਦੀ ਟਾਈਪ ਤਿਆਰ ਕਰਵਾਈ।

ਇਸ ਕਾਲ ਵਿਚ ਪੰਡਿਤ ਸ਼ਰਧਾ ਰਾਮ ਫਿਲੌਰੀ ਨੇ ਪੰਜਾਬੀ ਸਾਹਿਤ ਨੂੰ ਦੋ ਪੁਸਤਕਾਂ **'ਪੰਜਾਬੀ ਬਾਤਚੀਤ'** ਤੇ **'ਸਿੱਖਾਂ ਦੇ ਰਾਜ ਦੀ ਵਿਥਿਆ'** ਦਿੱਤੀਆਂ।ਇਹਨਾਂ ਪੁਸਤਕਾਂ ਵਿਚ ਲੇਖਕ ਦਾ ਸੰਕੀਰਣ ਦ੍ਰਿਸ਼ਟੀਕੋਣ ਹੋਣ ਦੇ ਬਾਵਜੂਦ, ਪੰਜਾਬੀ ਵਾਰਤਕ ਵਿਚ ਆਧੁਨਿਕ ਸਾਹਿਤ ਦਾ ਮੁੱਢ

ਬੱਝਿਆ। ਪੰਜਾਬੀ ਵਾਰਤਕ ਵਿਚ ਨਵੇ ਰੂਪਕਾਰ ਜਿਵੇਂ ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਡਾਇਰੀ, ਰੇਖਾ ਚਿੱਤਰ, ਯਾਦਾਂ ਤੇ ਲਲਿਤ ਨਿਬੰਧ ਆਦਿ ਦਾ ਪ੍ਰਵੇਸ਼ ਹੋਇਆ।

ਭਾਈ ਵੀਰ ਸਿੰਘ ਨੇ 'ਸ੍ਰੀ ਗੁਰੂ ਨਾਨਕ ਚਮਤਕਾਰ','ਸ੍ਰੀ ਗੁਰੂ ਕਲਗੀਧਰ ਚਮਤਕਾਰਾਂ' ਤੇ 'ਅਸ਼ਟਗੁਰੂ ਚਮਤਕਾਰ' ਵਰਗੀਆਂ ਮਹਾਨ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ। ਪੰਜਾਬੀ ਵਿਚ ਪਹਿਲੀ ਵਾਰ ਠੇਠ ਕੇਂਦਰੀ ਪੰਜਾਬੀ ਦੀ ਵਰਤੋਂ ਹੋਈ।ਮੋਹਨ ਸਿੰਘ ਵੈਦ ਤੇ ਪ੍ਰੋ: ਪੂਰਨ ਸਿੰਘ ਨੇ ਪੰਜਾਬੀ ਵਾਰਤਕ ਘੇਰੇ ਨੂੰ ਹੋਰ ਵਿਸ਼ਾਲ ਕੀਤਾ। 'ਖੁੱਲੇ ਲੇਖ' ਪ੍ਰੋ: ਪੂਰਨ ਸਿੰਘ ਦੀ ਅਨਮੋਲ ਰਚਨਾ ਹੈ।ਡਾ: ਪਰਮਿੰਦਰ ਸਿੰਘ ਉਨਾਂ ਦੀ ਵਾਰਤਕ ਬਾਰੇ ਲਿਖਦੇ ਹਨ,

> **'ਪ੍ਰੋ: ਪੂਰਨ ਸਿੰਘ ਨੇ ਸਭ ਤੋਂ ਪਹਿਲਾਂ ਪੰਜਾਬੀ ਵਿਚ ਗੌਲਿਕ ਲੇਖ ਲਿਖਣ ਦੀ ਲੀਹ ਤੋਰੀ। ਇਹ ਲੇਖ ਉਚ-ਕੋਟੀ ਦੀਪ੍ਰਾਪਤੀ ਹਨ। ਮੌਲਿਕ ਚਿੰਤਾ, ਅਨੁਭਵ, ਰਸਿਕਤਾ, ਰਚਨਾ ਦਾ ਸਹਿਜ ਪਰਵਾਹ, ਲੰਮੀ ਰੀਝ ਤੇ ਉੱਚੀ ਕਾਲਪਨਿਕ ਉਡਾਰੀ, ਬੇਮਿਸਾਲ ਹੈ। ਸਭ ਲੇਖ ਉਸਦੇ ਦਾਰਸ਼ਨਿਕ ਵਿਚਾਰਾਂ ਤੇ ਕੇਂਦਰਿਤ ਹਨ। ਪੂਰਬ ਤੇ ਪੱਛਮ ਦੇ ਬੇਸ਼ੁਮਾਰ ਲੇਖਕਾਂ ਦੀਆਂ ਰਚਨਾਵਾਂ ਦੇ ਹਵਾਲੇ, ਲੇਖਕ ਦੇ ਵਿਸ਼ਾਲ ਅਧਿਐਨ ਦੀ ਸਾਖੀ ਭਰਦੇ ਹਨ।"3**

ਪੰਜਾਬੀ ਵਾਰਤਕ ਦੇ ਵਿਕਾਸ ਵਿਚ ਪ੍ਰਿੰਸੀਪਲ ਤੇਜਾ ਸਿੰਘ ਦਾ ਬਹੁਤ ਤੋਂ ਮਹੱਤਵਪੂਰਨ ਸਥਾਨ ਹੈ। ਉਨਾਂ ਦੇ 'ਸਾਹਿਤ ਦਰਸ਼ਨ','ਸਹਿਜ ਸੁਭਾਅ','ਪੰਜਾਬੀ ਕਿਵੇ ਲਿਖੀਏ' ਤੇ

'ਸਭਿਆਚਾਰ' ਆਦਿ ਵਾਰਤਕ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ।ਉਹ ਪੁਰਾਣੇ ਤੇ ਛੋਟੇ ਵਿਸ਼ਿਆਂ ਨੂੰ ਨਵੀਨ ਢੰਗ ਨਾਲ ਲਿਖਦੇ ਹਨ।ਇਸੇ ਤਰ੍ਹਾਂ ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਵੀ 'ਸ਼ਬਦਾਂ ਦਾ ਜਾਦੂਗਰ' ਕਿਹਾ ਜਾਂਦਾ ਹੈ।ਉਸਦੇ ਪ੍ਰਮੁੱਖ ਨਿਬੰਧ ਸੰਗ੍ਰਹਿ 'ਪਰਮ ਮਨੁੱਖ', 'ਖੁੱਲਾ ਦਰ', ਸਾਵੀਂ ਪੱਧਰੀ ਜਿੰਦਗੀ ਤੇ 'ਨਵਾਂ ਸਿਵਾਲਾ' ਆਦਿ ਮਹੱਤਵਪੂਰਨ ਰਚਨਾਵਾਂ ਹਨ। ਡਾ: ਅਮਰਜੀਤ ਸਿੰਘ ਕਾਂਗ ਲਿਖਦਾ ਹੈ,

> **"ਪ੍ਰੀਤਲੜੀ ਦੇ ਪੰਨਿਆਂ ਰਾਹੀਂ ਉਸਨੇ ਪੰਜਾਬ ਵਿਚ ਸ਼ਬਦ ਸਭਿਆਚਾਰ ਪੈਦਾ ਕੀਤਾ।ਇਹ ਸ਼ਬਦ ਸਭਿਆਚਾਰ ਮਨੁੱਖ ਦੀ ਸੋਚਣੀ ਨੂੰ ਅਮੀਰ, ਜਰਖੇਜ਼ ਅਤੇ ਭਵਿੱਖ ਨਾਲ ਜੋੜਨ ਵਾਲਾ ਹੈ।ਸ਼ਬਦਾਂ ਦੀ ਸੁਚੱਜੀ ਚੋਣ ਅਤੇ ਸੁਹਜ ਭਰੀ ਜੜ੍ਹਤ, ਖਿਆਲਾਂ ਦੀ ਗਹਿਰਾਈ ਅਤੇ ਮਨ ਨੂੰ ਪ੍ਰੇਰਨ ਵਾਲੇ ਪ੍ਰਮਾਣ ਉਸਦੀ ਵਾਰਤਕ ਦੇ ਵੱਡੇ ਗੁਣ ਹਨ।"**4

ਧਰਮ, ਦਰਸ਼ਨ ਤੇ ਗੁਰਮਤਿ ਨਾਲ ਸਬੰਧਿਤ ਵਿਸ਼ਿਆਂ ਨੂੰ ਤਰਕਸ਼ੀਲ ਤੇ ਵਿਗਿਆਨਕ ਢੰਗ ਨਾਲ ਪ੍ਰੋ: ਸਾਹਿਬ ਸਿੰਘ, ਡਾ. ਬਲਬੀਰ ਸਿੰਘ, ਡਾ. ਤਾਰਨ ਸਿੰਘ ਤੇ ਪ੍ਰਿੰਸੀਪਲ ਜੋਧ ਸਿੰਘ ਵਰਗੇ ਵਾਰਤਕ-ਕਾਰਾਂ ਨੇ ਪੇਸ਼ ਕੀਤਾ ਹੈ।ਪ੍ਰੋ: ਸਾਹਿਬ ਸਿੰਘ ਨੇ 'ਸਰਬੱਤ ਦਾ ਭਲਾ', 'ਬੁਰਾਈ ਦਾ ਟਾਕਰਾ', 'ਧਾਰਮਿਕ ਲੇਖ' ਤੇ 'ਗੁਰਬਾਣੀ ਵਿਆਰਕਰਣ' ਜਿਹੀਆਂ ਮੁੱਲਵਾਦ ਪੁਸਤਕਾਂ ਲਿਖੀਆਂ।ਗੁਰੂ ਗ੍ਰੰਥ ਸਾਹਿਬ ਜੀ ਦਾਟੀਕਾਕੀਤਾ।ਕਪੂਰ ਸਿੰਘ ਨਾਲ ਪੰਜਾਬੀ ਵਾਰਤਕ ਵਿਚ ਬੌਧਿਕਤਾ ਤੇ ਵਿਗਿਆਨਕ ਸ਼ੈਲੀ ਵਾਲੇ ਤੱਤ ਸ਼ਾਮਲ ਹੋਏ। 'ਪੁੰਦ੍ਰੀਕ', 'ਸਪਤਸ੍ਰਿੰਗ' ਤੇ

'ਸਾਚੀ ਸਾਖੀ' ਤੇ ਪੰਜਾਬੀ ਵਾਰਤਕ ਦੀਆਂ ਪ੍ਰਸਿੱਧ ਪੁਸਤਕਾਂ ਹਨ।

ਹਾਸਰਸੀ ਤੇ ਵਿਅੰਗ ਭਰਪੂਰ ਵਾਰਤਕ ਹਰਿੰਦਰ ਸਿੰਘ ਰੂਪ, ਗੁਰਨਾਮ ਸਿੰਘ ਤੀਰ, ਸੂਬਾ ਸਿੰਘ ਤੇ ਪਿਆਰਾ ਸਿੰਘ ਦਾਤਾ ਨੇ ਲਿਖੀ। ਇਹਨਾਂ ਦੀਆਂ ਰਚਨਾਵਾਂ ਵਿਚ ਬੌਧਿਕ ਵਿਅੰਗਅਤੇ ਸੂਖਸ਼ਮ ਚੋਭਾਂ ਦੀ ਪ੍ਰਧਾਨਤਾ ਹੈ। ਹਰਿੰਦਰ ਸਿੰਘ ਰੂਪ ਦੀ ਪੁਸਤਕ 'ਚੁੰਞਾਂ ਪਹੁੰਚੇ' ਸੂਬਾ ਸਿੰਘ ਦੀ 'ਅਲੋਪ ਹੋ ਰਹੇ ਚੇਟਕ' ਗੁਰਨਾਮ ਸਿੰਘ ਤੀਰ ਦੀ 'ਮੈਨੂੰ ਮੈਥੋਂ ਬਚਾਓ' ਵਿਅੰਗਾਤਮਕ ਨਿਬੰਧਾਂ ਵਾਲੀਆਂ ਪੁਸਤਕਾਂ ਹਨ।

ਲਲਿਤ ਨਿਬੰਧਾਂ ਰਾਹੀ ਡਾ: ਕੁਲਬੀਰ ਸਿੰਘ ਕਾਂਗ ਨੇ ਮਨੁੱਖੀ ਭਾਵਨਾਵਾਂ ਦੇ ਕੋਮਲ ਪੱਖ ਨੂੰ ਬੜੀ ਗਹਿਰਾਈ ਨਾਲ ਪੇਸ਼ ਕੀਤਾ ਹੈ। ਸਰਲਤਾ, ਸਪਸਟਤਾ, ਵਿਸ਼ੇ ਦਾ ਨਿਰਸੰਕੋਚ ਪ੍ਰਗਟਾਅ, ਲੇਖਕ ਦੀ ਮਨੋਦਸ਼ਾ ਅਤੇ ਪਾਠਕਾਂ ਨਾਲ ਨਿਕਟ ਸਬੰਧ ਜਿਹੇ ਗੁਣ ਲਲਿਤ ਨਿਬੰਧ ਵਿਚ ਪਾਏ ਜਾਂਦੇ ਹਨ, ਡਾ. ਸਤਿੰਦਰ ਸਿੰਘ ਨੂਰ ਲਲਿਤ ਨਿਬੰਧ ਬਾਰੇ ਲਿਖਦਾ ਹੈ,

> **"ਇਹ (ਲਲਿਤ ਨਿਬੰਧ) ਨਿਬੰਧ ਦਾ ਉਹ ਰੂਪ ਹੈ, ਜਿਸ ਵਿਚ ਕਿਸੇ ਵਿਸ਼ੇ ਸਬੰਧੀ ਭਾਵ ਪ੍ਰਚਾਰ ਅਤੇ ਵਿਚਾਰ ਪ੍ਰਵਾਹ ਨੂੰ ਕਲਾਤਮਿਕ ਤੇ ਸਿਰਜਣਾਤਮਿਕ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ।ਲਲਿਤ ਵਿਚ ਆਮ ਨਿਬੰਧ ਨਾਲੋਂ ਸੰਖੇਪਤਾ, ਸੂਖਮਤਾ ਤੇ ਸੰਵੇਦਨਾ ਦੇ ਗੁਣ ਵਧੇਰੇ ਹੁੰਦੇ ਹਨ।ਇਸ ਵਿਚ ਸੂਖਮ ਅਤੇ ਸੰਵੇਦਨਸ਼ੀਲ ਭਾਸ਼ਕ ਸਿਰਨਣਾ ਰਾਹੀਂ ਵਿਚਾਰ ਉਸਾਰੀ ਕੀਤੀ ਜਾਂਦੀ ਹੈ।"**5

ਕੁਲਬੀਰ ਸਿੰਘ ਕਾਂਗ ਦੀਆਂ 'ਹਰਿਮੰਦਰ ਉਦਾਸ ਹੈ', 'ਨਾਦ ਅਨਾਹਦ', 'ਸੋਗੀ ਸੰਗੀਤ ਦਾ

**International Journal of Research in Social Sciences**
Vol. 6 Issue 10, October 2016,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਜਾਦੂ' ਮਹੱਤਵਪੂਰਨ ਪੁਸਤਕਾਂ ਹਨ। ਜੀਤ ਸਿੰਘ ਸ਼ੀਤਲ ਦੀ 'ਦਿਵਸ ਰੈਣ' ਜਸਵੰਤ ਸਿੰਘ ਵਿਰਦੀ ਦੀ 'ਸਭਿਆਚਾਰਕ ਪ੍ਰਦੂਸ਼ਣ' ਤੇ ਤੇਜਬੀਰ ਸਿੰਘ ਕਸੇਲ ਦੀ 'ਸੁਰਮੰਡਲ' , 'ਗਗਨ ਪਾਕਿਸਤਾਨ' ਦੀ 'ਜਿਗਰਪਾਰੇ' ਲਲਿਤ ਗਦ ਦੀਆਂ ਉਤਮ ਉਦਾਹਰਣਾ ਹਨ।

ਆਧੁਨਿਕ ਪੰਜਾਬੀ ਵਾਰਤਕ ਵਿਚ ਕੋਸ਼ਕਾਰੀ ਤੇ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਭਾਈ ਕਾਨ ਸਿੰਘ ਨਾਭਾ, ਡਾ. ਜੀਤ ਸਿੰਘ ਸੀਤਲ, ਡਾ. ਪ੍ਰੇਮ ਪ੍ਰਕਾਸ਼ ਤੇ ਡਾ. ਕਾਲਾ ਸਿੰਘ ਬੇਦੀ ਦੇ ਨਾਂ ਮਹੱਤਵਪੂਰਨ ਹਨ। ਇਤਿਹਾਸਕ ਵਾਰਤਕ ਵਿਚ ਕਰਮ ਸਿੰਘ ਹਿਸਟੋਰੀਅਨ, ਡਾ. ਗੰਡਾ ਸਿੰਘ ਤੇ ਸੋਹਣ ਸਿੰਘ ਸੀਤਲ ਨੇ ਮਹੱਤਵਪੂਰਨ ਵਾਰਤਕ ਰਚਨਾਵਾਂ ਰਚੀਆਂ।

1965 ਤੋਂ ਬਾਅਦ ਪੰਜਾਬੀ ਵਾਰਤਕ ਵਿਚ ਸਿਧਾਂਤਕ ਤੇ ਵਿਵਹਾਰਕ ਆਲੋਚਨਾ ਦਾ ਆਰੰਭ ਹੋਇਆ।ਇਸ ਖੇਤਰ ਵਿਚ ਮੌਲਾ ਬਖਸ਼ ਕੁਸਤਾ, ਬਾਵਾ ਬੁੱਧ ਸਿੰਘ, ਡਾ. ਮੋਹਨ ਦੀਵਾਨਾ , ਸੰਤ ਸਿੰਘ ਸੇਖੋਂ, ਡਾ. ਅਤਰ ਸਿੰਘ, ਪ੍ਰੋ. ਕਿਸ਼ਨ ਸਿੰਘ, ਡਾ. ਹਰਭਜਨ ਸਿੰਘ, ਜਸਵਿੰਦਰ ਸਿੰਘ ਰਵਿੰਦਰ ਰਵੀ, ਤਰਲੋਕ ਸਿੰਘ ਕੰਵਰ, ਨਜ਼ਮ ਹੁਸੈਨ ਸੱਯਦ, ਡਾ. ਗੁਰਚਰਨ ਸਿੰਘ ਅਰਸ਼ੀ ਤੇ ਡਾ. ਸਤਿੰਦਰ ਸਿੰਘ ਨੂਰ ਨੇ ਵਿਸ਼ੇਸ਼ ਯੋਗਦਾਨ ਪਾਇਆ। ਕੰਸਰ ਸਿੰਘ ਕੇਸਰ ਤੇ ਡਾ. ਪਿਆਰਾ ਸਿੰਘ ਨੇ 'ਖੋਜ' ਨਾਲ ਸੰਬੰਧਿਤ ਪੁਸਤਕਾਂ ਰਾਹੀਂ ਪੰਜਾਬੀ ਵਾਰਤਕ ਨੂੰ ਤਰਕ ਯੁਕਤ ਬਣਾਇਆ।ਡਾ. ਜੀਤ ਸਿੰਘ ਸੀਤਲ ਦੀ 'ਵਾਰਤਕ ਤੇ ਵਾਰਤਕ ਸ਼ੈਲੀ, ਧਰਮਪਾਲ ਸਿੰਘ ਦੀ 'ਵਾਰਤਕ ਸ਼ੈਲੀ' ਪ੍ਰੋ. ਪਿਆਰਾ ਸਿੰਘ ਦੀ 'ਪੰਜਾਬੀ ਵਾਰਤਕ: ਸਿਧਾਂਤ, ਇਤਿਹਾਸ ਨੇ ਪ੍ਰਵਿਰਤੀਆਂ, ਪੰਜਾਬੀ ਵਾਰਤਕ ਦੇ ਸਿਧਾਂਤਕ ਪੱਖ ਤੇ ਸਰੂਪ ਨਾਲ ਸਬੰਧਿਤ ਮਹੱਤਵਪੂਰਨ ਪੁਸਤਕਾਂ ਹਨ। ਮਨੋਵਿਗਿਆਨ ਦੇ ਖੇਤਰ ਵਿਚ ਜਸਵੰਤ ਸਿੰਘ ਨੇਕੀ ਦੀ ਪੁਸਤਕ 'ਅਚੇਤਨ ਦੀ ਲੀਲਾ' ਇਹ ਵੱਖਰਾ ਮੀਲ ਪੱਥਰ ਹੈ।ਡਾ. ਨਰਿੰਦਰ ਸਿੰਘ ਕਪੂਰਵੀ ਅਜੋਕੇ ਯੁੱਗ ਦਾ ਮਨੋਵਿਗਿਆਨਕ ਵਾਰਤਕਾਰ ਕਿਹਾ ਜਾ ਸਕਦਾ ਹੈ।

'ਬੂਹੇ ਬਾਰੀਆਂ' 'ਡੂੰਘੀਆਂ ਸਿ਼ਖਰਾਂ' ਜਿਹੇ ਨਿਬੰਧ ਸੰਗ੍ਰਹਿ ਲਿਖੇ।ਨਵੀਨ ਵਾਰਤਕ ਵਿਧਾ ਦੀ ਪੁਸਤਕ ਕਥਨ ਸੰਗ੍ਰਹਿ ਦੇ ਰੂਪ ਵਿਚ 'ਮਾਲਾ ਦੇ ਮਣਕੇ' ਮਹੱਤਵਪੂਰਨ ਪੁਸਤਕ ਹੈ।

ਸ਼ੁੱਧ ਪੁਸਤਕ ਰੂਪ ਵਿਚੋਂ ਜੀਵਨੀ, ਸਵੈ ਜੀਵਨੀ, ਸਫਰਨਾਮਾਂ, ਯਾਦਾਂ, ਡਾਇਰੀ, ਰਿਵਿਊ, ਰਿਪੋਰਤਾਜ, ਕੋਸ਼ਕਾਰੀ ਤੇ ਅਨੁਵਾਦ ਰਾਹੀਂ ਪੰਜਾਬੀ ਵਾਰਤਕ ਵਿਚ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਦੀ ਜਾਣਕਾਰੀ ਦੇ ਵਿਸ਼ੇ ਸ਼ਾਮਲ ਹੋਏ। 'ਵਿਧਾ' ਪੱਖੋਂ ਨਵੀਨ ਰਚਨਾਵਾਂ ਦੀ ਰਚਨਾ ਹੋਈ ਜਿਵੇਂ ਬਲਦੇਵ ਸਿੰਘ ਦੀ 'ਸੜਕਨਾਮਾ' ਜਸਵੰਤ ਦੀਦ ਦੀ 'ਪਾਲਕੀ' ਤੇ ਸੁਰਜੀਤ ਪਾਤਰ ਦੀ 'ਉਹ ਸ਼ਹਿਰ ਜਿਥੇ ਮੈਂ ਬਿਖਰ ਬਣਿਆ'।

ਇਸ ਪ੍ਰਕਾਰ ਪੰਜਾਬੀ ਵਾਰਤਕ ਨੇ ਵਿਸ਼ਾ, ਸ਼ੈਲੀ ਅਤੇ ਪ੍ਰਵਿਰਤੀਆਂ ਪੱਖੋਂ ਬਹੁਤ ਉਨੱਤੀ ਕੀਤੀ ਹੈ।ਇਹ ਧਰਮ, ਅਧਿਆਤਮ, ਇਤਿਹਾਸ, ਸਮਾਜ, ਰਾਜਨੀਤੀ ਤੇ ਮਨੋਵਿਗਿਆਨ ਆਦਿ ਵਿਸ਼ਿਆਂ ਨੂੰ ਪਾਰ ਕਰਦੀ ਹੋਈ ਵਿਗਿਆਨਕ ਤੇ ਤਕਨੀਕੀ ਦੌਰ ਵਿਚ ਪ੍ਰਵੇਸ਼ ਕਰ ਚੁੱਕੀ ਹੈ।ਅਜੋਕੀ ਪੰਜਾਬੀ ਵਾਰਤਕ ਵਿਚ ਗਹਿਰਾਈ, ਸੰਵੇਦਸ਼ੀਲਤਾ, ਸੰਜੀਦਗੀ ਤੇ ਸੁਹਿਰਦਤਾ ਜਿਹੇ ਗੁਣਾਂ ਪੱਖੋਂ ਕਾਫੀ ਪਰਿਵਰਤਨ ਆਦਿ ਹਨ। ਆਧੁਨਿਕ ਸ਼ੈਲੀਆਂ, ਵਿਧੀਆਂ, ਦ੍ਰਿਸ਼ਟੀਆਂ, ਪ੍ਰਵਿਰਤੀਆਂ ਤੇ ਵਿਸ਼ਿਆਂ ਨੇ ਇਸਦੀ ਸਮਰੱਥਾ ਨੂੰ ਭਰਪੂਰ ਕੀਤਾ ਹੈ। ਪੰਜਾਬੀ ਵਾਰਤਕ ਸਾਖੀ ਸਾਹਿਤ ਤੋਂ ਆਰੰਭ ਹੋ ਕੇ ਆਧੁਨਿਕ ਯੁੱਗ ਵਿਚ ਰਾਸ਼ਟਰੀ-ਅੰਤਰਾਸ਼ਟਰੀ ਵਿਸ਼ਿਆਂ ਦੀ ਧਾਰਨੀਬਣ ਚੁੱਕੀ ਹੈ।ਬਹੁਤ ਸਾਰੀਆਂ ਉਪਲਭਧੀਆਂ ਦੇ ਬਾਵਜੂਦ ਅਜੋਕੀ ਪੰਜਾਬੀ ਵਾਰਤਕ ਸਾਹਮਣੇ ਅਜੇ ਹੋਰ ਬਹੁਤ ਸਾਰੀਆਂ ਚੁਣੌਤੀਆਂ ਹਨ, ਜਿੰਨ੍ਹਾਂ ਨੂੰ ਪਾਰ ਕਰਨਾ ਅਜੇ ਬਾਕੀ ਹੈ।

**International Journal of Research in Social Sciences**
Vol. 6 Issue 10, October 2016,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

## ਹਵਾਲੇ

1. ਪ੍ਰੋ. ਪਿਆਰਾ ਸਿੰਘ, ਪੰਜਾਬੀ ਵਾਰਤਕ: ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, (ਪੰਨਾ 34)

2 ਡਾ. ਗੁਰਚਰਨ ਸਿੰਘ ਅਰਸ਼ੀ, ਸੰਪਾਦਕ ਮੱਧਕਾਲੀਨ ਪੰਜਾਬੀ ਵਾਰਤਕ, (ਪੰਨਾ–317)

3. ਡਾ. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦਾ ਇਤਿਹਾਸ,

**International Journal of Research in Social Sciences**
Vol. 6 Issue 10, October 2016,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

(ਪੰਨਾ- 483)

4. ਡਾ. ਅਮਰਜੀਤ ਸਿੰਘ ਕਾਂਗ, ਵਾਰਤਕੀ, ਭੂਮਿਕਾ।

5. ਸਤਿੰਦਰ ਸਿੰਘ ਨੂਰ, ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ, (ਪੰਨਾ 59)

## ਪੁਸਤਕ ਸੂਚੀ:-

1. ਪਿਆਰਾ ਸਿੰਘ (ਪ੍ਰੋ), ਪੰਜਾਬੀ ਵਾਰਤਕ: ਸਿਧਾਂਤ ਇਤਿਹਾਸ ਅਤੇ ਪ੍ਰਵਿਰਤੀਆਂ, ਨਿਊ ਬੁਕ ਕੰਪਨੀ, ਜਲੰਧਰ 2003

2. ਗੁਰਚਰਨ ਸਿੰਘ ਅਰਸ਼ੀ (ਡਾ.) ਸੰਪਾਦਕ, ਮੱਧਕਾਲੀਨ ਪੰਜਾਬੀ ਵਾਰਤਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

3. ਡਾ. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦਾ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 2002

4. ਡਾ. ਅਮਰਜੀਤ ਸਿੰਘ ਕਾਂਗ, ਵਾਰਤਕੀ (ਮੱਧਕਾਲੀਨ ਅਤੇ ਆਧੁਨਿਕ ਪਜਾਬੀ ਵਾਰਤਕ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

5. ਸਤਿੰਦਰ ਸਿੰਘ ਨੂਰ (ਡਾ.), ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ, ਪੰਜਾਬੀ ਅਕਦਮੀ, ਦਿੱਲੀ, 2006

-------